# ਸਟੇਟ ਬੈਂਕ ਆਫ ਪਟਿਆਲਾ (ਲੀਡ ਬੈਂਕ)

ਸਟੇਟ ਬੈਂਕ ਆਫ ਪਟਿਆਲਾ ਜੋ ਕਿ ਜ਼ਿਲ੍ਹੇ ਦਾ ਲੀਡ ਬੈਂਕ ਹੈ, ਦਾ ਲੀਡ ਬੈਂਕ ਦਫਤਰ ਲਿੰਕ ਰੋਡ, ਮਾਨਸਾ ਵਿਖੇ ਸਥਿਤ ਹੈ। ਇਸ ਦਫ਼ਤਰ ਦਾ ਇੰਚਾਰਜ ਲੀਡ ਜ਼ਿਲ੍ਹਾ ਮੈਨੇਜਰ ਹੈ। ਜ਼ਿਲ੍ਹਾ ਮਾਨਸਾ ਵਿੱਚ 5 ਬਲਾਕ ਅਤੇ 240 ਪਿੰਡ ਹਨ। ਇਸ ਜ਼ਿਲ੍ਹੇ ਵਿੱਚ ਬੈਂਕਾਂ ਦੀਆਂ ਕੁੱਲ 69 ਸ਼ਾਖਾਵਾਂ ਹਨ, ਜਿੰਨ੍ਹਾਂ ਵਿਚੋਂ 44 ਸ਼ਾਖਾਵਾਂ ਪਿੰਡਾਂ ਵਿੱਚ ਸਥਿਤ ਹਨ। ਇਸ ਦਫ਼ਤਰ ਦਾ ਮੁੱਖ ਕੰਮ ਵੱਖ-ਵੱਖ ਸਰਕਾਰੀ/ਗੈਰ ਸਰਕਾਰੀ ਦਫ਼ਤਰਾਂ ਨਾਲ ਤਾਲਮੇਲ ਕਰਨਾ ਹੈ ਅਤੇ ਸਰਕਾਰ ਵੱਲੋਂ ਮੰਨਜ਼ੂਰ ਸ਼ੁਦਾ ਕਰਜ਼ੇ ਦੀਆਂ ਸਕੀਮਾਂ ਦਾ ਪ੍ਰਚਾਰ ਕਰਕੇ ਬੈਂਕਾਂ ਤੋਂ ਕਰਜ਼ਾ ਦਿਵਾਉਣਾ ਹੈ। ਮੁੱਖ ਸਕੀਮਾਂ ਪ੍ਰਧਾਨ ਮੰਤਰੀ ਰੋਜਗਾਰ ਯੋਜਨਾ, ਐਸ.ਜੀ.ਐਸ.ਵਾਈ.,ਐਸ.ਜੇ.ਐਸ.ਆਰ.ਵਾਈ.,ਐਸ.ਸੀ. ਕਾਰਪੋਰੇਸ਼ਨ, ਕੇ.ਵੀ.ਆਈ. ਸੀ./ਬੀ. ਆਦਿ ਹਨ।

ਇਸ ਤੋਂ ਇਲਾਵਾ ਲੀਡ ਬੈਂਕ ਸਟੈਂਡਿੰਗ ਕਮੇਟੀ ਦੀ ਮੀਟਿੰਗ ਮਹੀਨੇ ਵਿੱਚ ਇੱਕ ਵਾਰ ਏ.ਡੀ.ਸੀ. (ਵਿਕਾਸ) ਦੀ ਪ੍ਰਧਾਨਗੀ ਹੇਠ ਹੁੰਦੀ ਹੈ। ਦੋ ਹੋਰ ਕਮੇਟੀਆਂ ਡੀ.ਸੀ.ਸੀ. ਅਤੇ ਡੀ.ਐਲ.ਆਰ.ਸੀ. ਦੀ ਮੀਟਿੰਗ ਮਾਨਯੋਗ ਡੀ.ਸੀ. ਸਾਹਿਬ ਦੀ ਪ੍ਰਧਾਨਗੀ ਹੇਠ ਤਿੰਨ ਮਹੀਨੇ ਬਾਅਦ ਹੁੰਦੀ ਹੈ। ਬਲਾਕ ਲੈਵਲ ਬੈਂਕਰਜ਼ ਕਮੇਟੀ ਦੀ ਮੀਟਿੰਗ ਤਿੰਨ ਮਹੀਨੇ ਬਾਅਦ ਲੀਡ ਜ਼ਿਲ੍ਹਾ ਮੈਨੇਜਰ ਦੀ ਪ੍ਰਧਾਨਗੀ ਹੇਠ ਹੁੰਦੀ ਹੈ। ਇੰਨ੍ਹਾਂ ਤਿੰਨਾਂ ਮੀਟਿੰਗਾਂ ਦਾ ਪ੍ਰਬੰਧ ਜ਼ਿਲ੍ਹਾ ਲੀਡ ਬੈਂਕ ਦਫ਼ਤਰ ਵੱਲੋਂ ਕੀਤਾ ਜਾਂਦਾ ਹੈ। ਇਸ ਦਫ਼ਤਰ ਵੱਲੋਂ ਸਲਾਨਾ ਕਰਜ਼ਾ ਯੋਜਨਾ ਬਣਾਈ ਜਾਂਦੀ ਹੈ ਜੋ ਕਿ ਹਰ ਸਾਲ ਪਹਿਲੀ ਅਪ੍ਰੈਲ ਤੋਂ ਲਾਗੂ ਹੋ ਜਾਂਦੀ ਹੈ। ਇਸ ਦਾ ਰੀਵੀਊ ਉੱਪਰ ਦੱਸੀਆਂ ਮੀਟਿੰਗਾਂ ਵਿੱਚ ਕੀਤਾ ਜਾਂਦਾ ਹੈ ਅਤੇ ਜੇ ਕੋਈ ਸਮੱਸਿਆ ਆਉਂਦੀ ਹੈ ਤਾਂ ਉਸਦਾ ਹੱਲ ਵੀ ਮੀਟਿੰਗਾਂ ਵਿੱਚ ਲੱਭਿਆ ਜਾਂਦਾ ਹੈ, ਤਾਂ ਜੋ ਟੀਚੇ ਪੂਰੇ ਕੀਤੇ ਜਾ ਸਕਣ। ਸਟੇਟ ਲੇਬਲ ਬੈਂਕਰਜ਼ ਕਮੇਟੀ ਦੀ ਮੀਟਿੰਗ ਵਿੱਚ ਲੀਡ ਜ਼ਿਲ੍ਹਾ ਮੈਨੇਜਰ ਜ਼ਿਲ੍ਹੇ ਦੇ ਬੈਂਕਰਜ਼ ਵੱਲੋਂ ਪ੍ਰਤੀਨਿਧਤਾ ਕਰਦਾ ਹੈ।